# ਸਰ੍ਹੋਂ ਦੀਆਂ ਕੀਮਤਾਂ 2021-22 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਐਮ ਐਸ ਪੀ ਤੋਂ ਉੱਪਰ

ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਕਿਹਾ ਹੈ ਕਿ ਭਾਰਤ ਵਿੱਚ ਸਰ੍ਹੋਂ ਦੇ ਮੰਡੀ ਭਾਅ ਮੌਜੂਦਾ ਮੌਸਮ (ਹਾੜ੍ਹੀ ਮਡੰਕੀਰਨ ਮੌਸਮ 2021-22) ਵਿੱਚ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਤੋਂ ਕਾਫ਼ੀ ਉੱਪਰ ਰਹੇ ਹਨ। ਪਿਛਲੇ ਮੰਡੀਕਰਨ ਮੌਸਮ (2020-21) ਦੌਰਾਨ, ਐਮ ਐਸ ਪੀ ਦੇ ਮੁਕਾਬਲੇ ਕੀਮਤਾਂ ਲਗਭਗ 25 ਫ਼ੀਸਦੀ ਵੱਧ ਹਨ।

ਹਾੜ੍ਹੀ ਮਡੰਕੀਰਨ ਮੌਸਮ 2021-22 ਦੌਰਾਨ ਐਮ ਐਸ ਪੀ ਦੇ ਮੁਕਾਬਲੇ ਵੱਧ ਮੰਡੀ ਕੀਮਤਾਂ ਦੇ ਕਾਰਨ ਮੱਧ ਪ੍ਰਦੇਸ਼ ਵਿੱਚ ਸਿਰਫ਼ 0.68 ਮੈਟ੍ਰਿਕ ਟਨ (68 ਕੁਇੰਟਲ) ਨੂੰ ਛੱਡ ਕੇ ਪ੍ਰਮੁੱਖ ਸਰ੍ਹੋਂ ਪੈਦਾਵਾਰ ਵਾਲੇ ਰਾਜਾਂ ਵਿੱਚ ਸਿਫ਼ਰ ਸਰਕਾਰੀ ਖ਼ਰੀਦ ਦਰਜ ਕੀਤੀ ਗਈ।

ਹਾੜ੍ਹੀ ਮਡੰਕੀਰਨ ਮੌਸਮ 2017-18 ਤੋਂ ਤੋਰੀਆ-ਸਰ੍ਹੋਂ ਦੇ ਔਸਤ ਮੰਡੀ ਭਾਅ ਐਮ ਐਸ ਪੀ ਤੋਂ ਥੱਲੇ ਰਹੇ ਹਨ। ਪਿਛਲੇ ਤਿੰਨ ਮੰਡੀਕਰਨ ਮੌਸਮਾਂ ਦੌਰਾਨ ਬਜ਼ਾਰ ਦੀਆਂ ਕੀਮਤਾਂ ਵਿੱਚ ਮਾਮੂਲੀ ਸੁਧਾਰ ਹੋਇਆ ਸੀ, ਲੇਕਿਨ ਬਾਅਦ ਵਿੱਚ ਐਮ ਐਸ ਪੀ ਵਿੱਚ ਵਾਧੇ ਨੇ ਇਨ੍ਹਾਂ ਮਿਆਦਾਂ ਦੌਰਾਨ ਔਸਤ ਮੰਡੀ ਭਾਅ ਅਤੇ ਐਮ ਐਸ ਪੀ ਦਰਮਿਆਨ ਫ਼ਰਕ ਨੂੰ ਵਧਾ ਦਿੱਤਾ ਸੀ।

ਹਾੜ੍ਹੀ ਮਡੰਕੀਰਨ ਮੌਸਮ 2020-21 ਦੌਰਾਨ ਮੰਡੀ ਭਾਅ ਤੇ ਐਮ ਐਸ ਪੀ ਦੇ ਵਿਚਲਾ ਫ਼ਰਕ ਘਟ ਕੇ -9.2 ਫ਼ੀਸਦੀ ਹੋ ਗਿਆ ਕਿਉਂਕਿ ਇਸ ਮਿਆਦ ਦੌਰਾਨ ਮੰਡੀਆਂ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ ਸੀ। ਮੌਜੂਦਾ ਮੰਡੀਕਰਨ ਮੌਸਮ ਦੌਰਾਨ ਐਮ ਐਸ ਪੀ (4,650 ਰੁਪਏ ਪ੍ਰਤੀ ਕੁਇੰਟਲ) ਦੇ ਮੁਕਾਬਲੇ ਔਸਤ ਮੰਡੀ ਭਾਅ 6,454 ਰੁਪਏ ਪ੍ਰਤਿ ਕੁਇੰਟਲ ਦੇ ਰਿਕਾਰਡ ਪੱਧਰ ਤੇ ਪਹੁੰਚ ਗਿਆ, ਜਿਹੜਾ ਕਿ ਇਸ ਤੋਂ ਕਰੀਬ 28 ਫ਼ੀਸਦੀ ਵੱਧ ਹੈ। ਇਨ੍ਹਾਂ ਫ਼ਸਲਾਂ ਦੇ ਮੰਡੀ ਭਾਅ ਵਿੱਚ ਵਾਧਾ ਮੁੱਖ ਤੌਰ 'ਤੇ ਤੋਰੀਆ-ਸਰ੍ਹੋਂ ਦੇ ਤੇਲ ਦੀ ਘਰੇਲੂ ਮੰਗ ਵਧਣ ਕਰਕੇ ਹੋਇਆ।

ਹਾੜ੍ਹੀ ਮਡੰਕੀਰਨ ਮੌਸਮ 2020-21 ਦੌਰਾਨ ਤੋਰੀਆ-ਸਰ੍ਹੋਂ ਦੀ ਪੈਦਾਵਾਰ ਵਾਲੇ ਪ੍ਰਮੁੱਖ ਸੂਬਿਆਂ ਵਿੱਚ ਮੰਡੀ ਭਾਅ ਐਮ ਐਸ ਪੀ ਤੋਂ ਉੱਤੇ ਰਿਹਾ ਹੈ। ਮੰਡੀ ਭਾਅ ਅਤੇ ਐਮ ਐਸ ਪੀ ਦਾ ਫ਼ਾਸਲਾ ਅਪ੍ਰੈਲ 2021 ਤੋਂ ਵਧਦਾ ਹੋਇਆ ਪਾਇਆ ਗਿਆ ਹੈ।

ਇਸ ਮਿਆਦ ਦੌਰਾਨ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਮੰਡੀ ਭਾਅ ਉੱਤਰ ਪ੍ਰਦੇਸ਼ ਤੋਂ ਵੱਧ ਹੋਣ ਦੀ ਜਾਣਕਾਰੀ ਹੈ। ਹਾੜ੍ਹੀ ਮਡੰਕੀਰਨ ਮੌਸਮ 2020-21 ਦੌਰਾਨ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਮੰਡੀ ਭਾਅ ਅਤੇ ਐਮ ਐਸ ਪੀ ਦਰਮਿਆਨ ਔਸਤ ਫ਼ਰਕ 28 ਫ਼ੀਸਦੀ ਤੋਂ ਵੱਧ ਸੀ।

**2021-22 ਹਾੜ੍ਹੀ ਮੰਡੀਕਰਨ ਮੌਸਮ (ਮਾਰਚ-ਜੂਨ 2021) ਦੌਰਾਨ ਪ੍ਰਮੁੱਖ ਉਤਪਾਦਕ ਰਾਜਾਂ ਵਿੱਚ ਤੋਰੀਆ ਅਤੇ ਸਰ੍ਹੋਂ ਦੇ ਐਮ ਐਸ ਪੀ ਦੇ ਮੁਕਾਬਲੇ ਬਾਜ਼ਾਰ ਭਾਅ**

| ਰਾਜ | ਰਿਪੋਰਟ ਕੀਤੇ ਬਾਜ਼ਾਰ ਭਾਅ ਦੇ ਦਿਨਾਂ ਦੀ ਗਿਣਤੀ | ਐਮ ਐਸ ਪੀ ਤੋਂ ਉੱਪਰ ਜਾਂ ਇਸਦੇ ਬਰਾਬਰ ਬਾਜ਼ਾਰ ਭਾਅ ਦੇ ਦਿਨਾਂ ਦੀ ਗਿਣਤੀ | ਬਾਜ਼ਾਰ ਭਾਅ ਅਤੇ ਐਮ ਐਸ ਪੀ ਦੇ ਵਿੱਚ ਔਸਤ ਅੰਤਰ (ਫ਼ੀਸਦੀ ਵਿੱਚ) |
|---|---|---|---|
| ਹਰਿਆਣਾ | 28 | 28 | 12.9 |
| ਰਾਜਸਥਾਨ | 117 | 117 | 28.7 |
| ਮੱਧ ਪ੍ਰਦੇਸ਼ | 120 | 120 | 30.1 |
| ਉੱਤਰ ਪ੍ਰਦੇਸ਼ | 120 | 120 | 23.6 |

ਸ੍ਰੋਤ: 1) ਐਗਮਾਰਕਨੈਟ, ਮੰਡੀਕਰਣ ਅਤੇ ਨਿਰੀਖਣ ਡਾਇਰੈਕਟੋਰੇਟ, ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ; 2) ਅਰਥਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ